Calgary

Livery Transport Services

**ਬੁਲੇਟਿਨ #008**
**ਰੈਗੂਲੇਟਿਡ ਟੈਕਸੀ ਮੀਟਰ ਰੇਟ ਐਡਜਸਟਮੈਂਟ**
**ਕਮਿਊਨਿਟੀ ਡਿਵੈਲਪਮੈਂਟ ਕਮੇਟੀ ਦੀ ਰਿਪੋਰਟ**
**ਅਪ੍ਰੈਲ 2022**

ਇਹ ਬੁਲੇਟਿਨ ਉਦਯੋਗ ਦੇ ਹਿਤਧਾਰਕਾਂ ਨੂੰ 20 ਅਪ੍ਰੈਲ, 2022 ਤੱਕ ਪੋਸਟ ਕੀਤੀ ਜਾਣ ਵਾਲੀ ਰੈਗੂਲੇਟਿਡ ਟੈਕਸੀ ਮੀਟਰ ਰੇਟ ਐਡਜਸਟਮੈਂਟ ਰਿਪੋਰਟ ਦੇ ਆਗਾਮੀ ਪ੍ਰਕਾਸ਼ਨ ਬਾਰੇ ਸੂਚਿਤ ਕਰਨ ਲਈ ਹੈ। ਰਿਪੋਰਟ ਬੁੱਧਵਾਰ, 27 ਅਪ੍ਰੈਲ, 2022 ਨੂੰ ਕਮਿਊਨਿਟੀ ਡਿਵੈਲਪਮੈਂਟ ਕਮੇਟੀ ਨੂੰ ਪੇਸ਼ ਕੀਤੀ ਜਾਵੇਗੀ।

ਕਮੇਟੀ ਦੀ ਮੀਟਿੰਗ ਦਾ ਏਜੰਡਾ ਅਤੇ ਰੈਗੂਲੇਟਿਡ ਟੈਕਸੀ ਮੀਟਰ ਰੇਟ ਐਡਜਸਟਮੈਂਟ ਰਿਪੋਰਟ ਅਤੇ ਅਟੈਚਮੈਂਟਾਂ ਹੇਠਾਂ ਦਿੱਤੇ ਲਿੰਕ ਰਾਹੀਂ ਦੇਖੇ ਜਾਣ ਲਈ ਉਪਲਬਧ ਹੋਣਗੀਆਂ: https://www.calgary.ca/ca/city-clerks/legislative-services/agenda-minutes.html.

**ਕਮਿਊਨਿਟੀ ਡਿਵੈਲਪਮੈਂਟ ਕਮੇਟੀ ਅੱਗੇ ਪੇਸ਼ਕਾਰੀ ਦੇਣੀ**

ਜੇਕਰ ਤੁਸੀਂ ਇਸ ਮੀਟਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ ਤੁਸੀਂ ਇਹ ਕਰ ਸਕਦੇ ਹੋ:

- ਲਾਈਵ ਸਟ੍ਰੀਮ http://video.isilive.ca/calgary/live.html ਦੀ ਵਰਤੋਂ ਕਰਕੇ ਕਮੇਟੀ ਦੀ ਮੀਟਿੰਗ ਨੂੰ ਫਾਲੋ ਕਰੋ।
- ਪਬਲਿਕ ਸਬਮਿਸ਼ਨ ਫਾਰਮ ਦੀ ਵਰਤੋਂ ਕਰਕੇ ਲਿਖਤੀ ਸਪੁਰਦਗੀ ਕਰੋ।
- ਬੋਲਣ ਦੇ ਚਾਹਵਾਨ ਲੋਕਾਂ ਨੂੰ ਦੂਰ ਤੋਂ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਬੋਲਣ ਲਈ ਰਜਿਸਟਰ ਕਰਨ ਲਈ ਪਬਲਿਕ ਸਬਮਿਸ਼ਨ ਫਾਰਮ ਦੀ ਵਰਤੋਂ ਕਰੋ ਅਤੇ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਹੋਵੇਗੀ ਕਿ ਕਾਲ ਕਿਵੇਂ ਕਰਨੀ ਹੈ।
- ਕਿਰਪਾ ਕਰਕੇ ਨੋਟ ਕਰੋ, ਜਨਤਾ ਪੰਜ ਮਿੰਟ ਲਈ ਏਜੰਡਾ ਆਈਟਮ ਦੇ ਜਨਤਕ ਸੁਣਵਾਈ ਹਿੱਸੇ ਦੇ ਦੌਰਾਨ ਕਮੇਟੀ ਅੱਗੇ ਪੇਸ਼ਕਾਰੀ ਦੇ ਸਕਦੀ ਹੈ। ਜੇਕਰ ਤੁਸੀਂ ਬੋਲਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀਆਂ ਟਿੱਪਣੀਆਂ ਨੂੰ ਰਿਪੋਰਟ ਵਿੱਚ ਸ਼ਾਮਲ ਮਾਮਲਿਆਂ ਅਤੇ ਚਰਚਾ ਕੀਤੀ ਜਾ ਰਹੀਆਂ ਸਿਫ਼ਾਰਿਸ਼ ਕੀਤੀਆਂ ਕਾਰਵਾਈਆਂ ਤੱਕ ਸੀਮਤ ਰੱਖੋ।

ਇਹ ਬੁਲੇਟਿਨ Calgary.ca 'ਤੇ ਅਮਹਾਰਿਕ, ਅਰਬੀ, ਹਿੰਦੀ, ਪੰਜਾਬੀ, ਸੋਮਾਲੀ ਅਤੇ ਉਰਦੂ ਵਿੱਚ ਵੀ ਉਪਲਬਧ ਹੈ।

ਜੇਕਰ ਰੈਗੂਲੇਟਿਡ ਟੈਕਸੀ ਮੀਟਰ ਰੇਟ ਐਡਜਸਟਮੈਂਟ ਰਿਪੋਰਟ ਬਾਰੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਕਿਰਪਾ ਕਰਕੇ ltsengagement@calgary.ca 'ਤੇ ਸੰਪਰਕ ਕਰੋ।

ਤਹਿ ਦਿਲੋਂ,

ਅਬਦੁਲ ਰਫੀਹ
ਚੀਫ ਲਿਵਰੀ ਇੰਸਪੈਕਟਰ
ਕੈਲਗਰੀ ਕਮਿਊਨਿਟੀ ਸਟੈਂਡਰਡਸ